ਬਾਲ ਬਗੀਚਾ

ਕਿਆਰੀ ਦੂਜੀ

ਫੁੱਲ ਪਹਿਲਾ

ਸੋਨ ਚਿੜੀ

G. 183

ਲੇਖਕ–

ਲਾਲ ਸਿੰਘ ਗਿਆਨੀ ਬੀ. ਏ.

DYAL SINGH LAHORE LIBRARY

ਪ੍ਰਕਾਸ਼ਕ–

ਪੰਜਾਬੀ ਕਿਤਾਬ ਘਰ

ਅੰਮ੍ਰਿਤਸਰ.

੧੯੩੩.

ਪਹਿਲੀ ਵਾਰ ੧੦੦੦ ਮੁਲ ।।।)

ਤਿੰਨ ਭੈਣਾਂ

ਇਹ ਬਹੁਤ ਪੁਰਾਣੇ ਸਮਿਆਂ ਦੀ ਗੱਲ ਹੈ। ਓਦੋਂ ਨਾ ਰੇਲ ਗੱਡੀ ਸੀ,ਨਾ ਤਾਰ ਘਰ ਸਨ ਨਾ ਡਾਕਖਾਨੇ ਸਨ। ਹਿੰਦੁਸਤਾਨ ਦੇ ਇੱਕ ਹਿੱਸੇ ਵਿੱਚ ਇੱਕ ਰਾਜਾ ਰਾਜ ਕਰਦਾ ਸੀ। ਉਹਦਾ ਨਾਂ ਸੀ ਭੂਪਤ ਰਾਇ। ਉਹ ਬੜਾ ਨੇਕ ਅਰ ਮਿਹਰਵਾਨ ਰਾਜਾ ਸੀ । ਆਪਣੀ ਰੱਯਤ ਨਾਲ ਬੜਾ ਪਿਆਰ ਕਰਦਾ ਸੀ। ਰਾਤੀਂ ਭੇਸ ਵਟਾ ਕੇ ਤੇ ਵਜ਼ੀਰ ਨੂੰ ਨਾਲ ਲੈ ਕੇ ਸਾਰੇ ਸ਼ਹਿਰ ਦਾ ਚੱਕਰ ਲਾਂਦਾ ਅਤੇ ਵੇਖਦਾ ਕਿ ਉਸ ਦੇ ਰਾਜ ਵਿੱਚ ਕੀ ਹੋ ਰਿਹਾ ਹੈ। ਲੁਕ ਛਿਪ ਕੇ ਲੋਕਾਂ ਦੀਆਂ ਗੱਲਾਂ ਸੁਣਦਾ ਅਤੇ ਪਤਾ ਕਢਦਾ ਕਿ ਉਸ ਦੇ ਰਾਜ ਵਿੱਚ ਕੋਈ ਦੁਖੀ ਤਾਂ ਨਹੀਂ ਹੈ। ਕੋਈ ਦੁਖੀ ਹੁੰਦਾ ਤਾਂ ਉਹਦੇ ਦੁਖ ਦਾ ਇਲਾਜ ਕਰਦਾ।

ਇੱਕ ਰਾਤੀਂ ਜਦੋਂ ਰਾਜਾ ਸ਼ਹਿਰ ਗਿਆ ਤਾਂ ਕੀ ਵੇਖੇ ਕਿ ਇੱਕ ਛੋਟੇ ਜਹੇ ਮਕਾਨ ਵਿੱਚ ਦੀਵਾ ਜਗ ਰਿਹਾ ਹੈ ਤੇ ਤਿੰਨ ਕੁੜੀਆਂ ਬੈਠੀਆਂ ਆਪੋ ਵਿੱਚ

ਗੱਲਾਂ ਕਰ ਰਹੀਆਂ ਹਨ। ਰਾਜਾ ਉੱਥੇ ਖਲੋ ਗਿਆ ਤੇ ਛੁਪ ਕੇ ਉਨ੍ਹਾਂ ਦੀਆਂ ਗੱਲਾਂ ਸੁਣਨ ਲੱਗਾ। ਵੱਡੀ ਕੁੜੀ ਆਖ ਰਹੀ ਸੀ, "ਭੈਣ ! ਮੇਰਾ ਤਾਂ ਜੀ ਕਰਦਾ ਏ ਕਿ ਮੇਰਾ ਵਿਆਹ ਰਾਜੇ ਦੇ ਰਸੋਈਏ ਨਾਲ ਹੋ ਜਾਏ ਤਾਂ ਮੈਂ ਉਹ ਸੁਆਦੀ ਰੋਟੀ ਖਾਵਾਂ ਜੋਹੜੀ ਰਾਜੇ ਵਾਸਤੇ ਪੱਕਦੀ ਏ।"

ਵਿਚਕਾਰਲੀ ਕੁੜੀ ਕਹਿਣ ਲੱਗੀ, "ਭੈਣ ! ਮੈਂ ਤਾਂ ਆਪਣਾ ਵਿਆਹ ਰਾਜੇ ਦੇ ਹਲਵਾਈ ਨਾਲ ਕਰਾਵਾਂ। ਫਿਰ ਮੈਨੂੰ ਬੜੇ ਬੜੇ ਸੁਆਦੀ ਪਦਾਰਥ ਖਾਣ ਨੂੰ ਮਿਲਿਆ ਕਰਨ।"

ਛੋਟੀ ਕੁੜੀ, ਜੋ ਸਭ ਤੋਂ ਸਿਆਣੀ ਤੇ ਸੁਹਣੀ ਸੀ,ਕਹਿਣ ਲਗੀ, "ਭੈਣ ਤੁਸੀਂ ਬੜੀਆਂ ਭੁੱਖੀਆਂ ਓ ਜੋ ਖਾਣ ਦੇ ਲਾਲਚ ਪਿੱਛੇ ਬਾਦਸ਼ਾਹ ਦੇ ਨੌਕਰਾਂ ਨਾਲ ਵਿਆਹ ਕਰਦੀਆਂ ਓ। ਮੇਰਾ ਵੱਸ ਚੱਲੇ ਤਾਂ ਮੈਂ ਆਪਣੀ ਸ਼ਾਦੀ ਰਾਜਾ ਭੂਪਤ ਰਾਇ ਨਾਲ ਕਰਾਵਾਂ। ਆਪ ਵੀ ਸੁਖੀ ਰਹਾਂ ਤੇ ਹੋਰਨਾਂ ਨੂੰ ਵੀ ਸੁਖ ਦਿਆਂ।"

ਰਾਜਾ ਇਨ੍ਹਾਂ ਤਿੰਨਾਂ ਭੈਣਾਂ ਦੀਆਂ ਗੱਲਾਂ ਸੁਣ ਕੇ ਬੜਾ ਚਰਜ ਹੋਇਆ। ਵਜ਼ੀਰ ਨੂੰ ਕਹਿਣ ਲੱਗਾ, 'ਇਹ

ਮਕਾਨ ਚੰਗੀ ਤਰ੍ਹਾਂ ਸਿਆਣ ਲੈ। ਕੱਲ੍ਹ ਇਨ੍ਹਾਂ ਤਿੰਨਾਂ ਕੁੜੀਆਂ ਨੂੰ ਮੇਰੇ ਕੋਲ ਹਾਜ਼ਰ ਕਰੀਂ।' ਇਸੇ ਤਰ੍ਹਾਂ ਫਿਰਦੇ ਤੁਰਦੇ ਰਾਜਾ ਤੇ ਵਜ਼ੀਰ ਵਾਪਸ ਮਹਿਲਾਂ ਵਿੱਚ ਤੁਰ ਗਏ।

ਦੂਜੇ ਦਿਨ ਵਜ਼ੀਰ ਨੇ ਤਿੰਨਾਂ ਭੈਣਾਂ ਨੂੰ ਰਾਜੇ ਦੀ ਅੜਦਲ ਵਿੱਚ ਲਿਆ ਹਾਜ਼ਰ ਕੀਤਾ। ਰਾਜਾ ਉਨ੍ਹਾਂ ਨੂੰ ਕਹਿਣ ਲੱਗਾ, "ਸੱਚ ਸੱਚ ਦੱਸੋ, ਤੁਸੀ ਰਾਤ ਨੂੰ ਕੀ ਗੱਲਾਂ ਕਰ ਰਹੀਆਂ ਸੀ? ਖ਼ਬਰਦਾਰ ! ਜੇ ਝੂਠ ਬੋਲਿਆ ਤਾਂ ਬਹੁਤ ਸਖਤ ਸਜ਼ਾ ਦਿਆਂਗਾ।"ਇਹ ਸੁਣ ਕੇ ਕੁੜੀਆਂ ਨੇ ਸ਼ਰਮ ਨਾਲ ਮੂੰਹ ਨੀਵਾਂ ਕਰ ਲਿਆ ਤੇ ਇੱਕ ਦੂਜੀ ਦਾ ਮੂੰਹ ਤੱਕਣ ਲੱਗ ਪਈਆਂ। ਪਹਿਲਾਂ ਤਾਂ ਚੁੱਪ ਰਹੀਆਂ ਪਰ ਆਖ਼ਰ ਰਾਜੇ ਦੇ ਡਰ ਤੋਂ ਸੱਭੇ ਗੱਲਾਂ ਸੱਚੋ ਸੱਚ ਦੱਸ ਦਿਤੀਆਂ। ਰਾਜੇ ਨੇ ਵੱਡੀ ਕੁੜੀ ਦਾ ਵਿਆਹ ਆਪਣੇ ਰਸੋਈਏ ਨਾਲ ਅਤੇ ਵਿਚਕਾਰਲੀ ਦਾ ਹਲਵਾਈ ਨਾਲ ਕਰ ਦਿੱਤਾ ਅਤੇ ਛੋਟੀ ਨੂੰ ਆਪਣੀ ਰਾਣੀ ਬਣਾ ਲਿਆ।

ਇਹ ਰਾਣੀ ਬੜੀ ਨੇਕ ਤੇ ਧਰਮਾਤਮਾ ਸੀ। ਆਪਣੀਆਂ ਵੱਡੀਆਂ ਭੈਣਾਂ ਦੀ ਬੜੀ ਖ਼ਾਤਰ ਕਰਦੀ ਅਤੇ ਉਨ੍ਹਾਂ ਨੂੰ ਚੰਗੀਆਂ ਚੰਗੀਆਂ ਚੀਜ਼ਾਂ ਘੱਲਦੀ ਰਹਿੰਦੀ। ਪਰ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.